# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com

## ਹੁਕਮ

ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90520 ਮਿਤੀ. 17.12.12

ਸ਼੍ਰੀ ਦੁਸ਼ਯੰਤ ਕੁਮਾਰ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਹਾਈ ਸਕੂਲ ਕਿਸ਼ਨਗੜ੍ਹ ਫਰਮਾਹੀ ਜ਼ਿਲਾ ਮਾਨਸਾ ਵੱਲੋਂ ਡਿਊਟੀ ਦੌਰਾਨ ਨਿਮਨਲਿਖਤ ਅਨੁਸਾਰ ਕੋਤਾਹੀਆਂ ਕੀਤੀਆਂ ਗਈਆਂ ਹਨ :-

- ਸ਼੍ਰੀ ਦੁਸ਼ਯੰਤ ਕੁਮਾਰ ਵੱਲੋਂ ਸਕੂਲ ਦੀਆਂ ਲੜਕੀਆਂ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਗਈਆਂ ਹਨ।
- ਸ਼੍ਰੀ ਦੁਸ਼ਯੰਤ ਕੁਮਾਰ ਵੱਲੋਂ ਨੌਵੀਂ ਸ਼੍ਰੇਣੀ ਵਿੱਚ ਪੜ੍ਹਦੀ ਸਕੂਲ ਦੀ ਇੱਕ ਵਿਦਿਆਰਥਣ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਸਨੂੰ ਮਿਲਣ ਲਈ ਬੁਲਾਇਆ ਗਿਆ ਅਤੇ ਉਸ ਨੂੰ ਵਿਆਹ ਕਰਵਾਉਣ ਲਈ ਕਿਹਾ ਗਿਆ। ਲਿਖਤੀ ਬਿਆਨ ਵਿੱਚ ਲੜਕੀ ਵੱਲੋਂ ਇਨ੍ਹਾਂ ਦੋਸ਼ਾਂ ਦੀ ਪੁਸ਼ਟੀ ਕੀਤੀ ਗਈ ਹੈ।
- ਲੜਕੀ (ਆਂ) ਦੇ ਮਾਪਿਆਂ, ਸਕੂਲ ਮੈਨੇਜਮੈਂਟ ਕਮੇਟੀ ਅਤੇ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਵੱਲੋਂ ਇਨ੍ਹਾਂ ਦੋਸ਼ਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਸ਼੍ਰੀ ਦੁਸ਼ਯੰਤ ਕੁਮਾਰ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ ।

ਸ਼੍ਰੀ ਦੁਸ਼ਯੰਤ ਕੁਮਾਰ ਉਕਤ ਦੀਆਂ ਉਪਰੋਕਤ ਜ਼ਿਕਰ ਕੀਤੀਆਂ ਕੋਤਾਹੀਆਂ ਇੰਚਾਰਜ ਪ੍ਰਿੰਸੀਪਲ ਵੱਲੋਂ ਕੀਤੀ ਗਈ ਤੱਥ-ਭਾਲ ਪੜਤਾਲ ਦੌਰਾਨ ਸਿੱਧ ਹੋ ਗਈਆਂ ਹਨ। ਸ਼੍ਰੀ ਦੁਸ਼ਯੰਤ ਕੁਮਾਰ ਦੀਆਂ ਉਕਤ ਕੋਤਾਹੀਆਂ ਅਤੀ ਗੰਭੀਰ, ਨਿੰਦਣਯੋਗ ਅਤੇ ਸਿੱਖਿਆ ਵਿਰੋਧੀ ਹਨ । ਇਨ੍ਹਾਂ ਉਕਤ ਗੰਭੀਰ ਕੋਤਾਹੀਆਂ ਕਾਰਨ ਸ਼੍ਰੀ ਦੁਸ਼ਯੰਤ ਕੁਮਾਰ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਹਾਈ ਸਕੂਲ ਕਿਸ਼ਨਗੜ੍ਹ ਫਰਮਾਹੀ ਜ਼ਿਲਾ ਮਾਨਸਾ ਦੀ ਬਦਲੀ ਪ੍ਰਬੰਧਕੀ ਆਧਾਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰਕਲਾਂ ਜ਼ਿਲਾ ਪਠਾਨਕੋਟ ਵਿਖੇ ਕੀਤੀ ਜਾਂਦੀ ਹੈ ਅਤੇ ਨਾਲ ਹੀ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਪਠਾਨਕੋਟ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਐਸ.ਐਸ.ਏ/ਇਨਫੋਰਸਮੈਂਟ /2012/ 90520 ਮਿਤੀ. 17.12.12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)/ਪੰਜਾਬ, ਚੰਡੀਗੜ੍ਹ
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਮਾਨਸਾ।
3. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਪਠਾਨਕੋਟ ।
4. ਸ਼੍ਰੀ ਦੁਸ਼ਯੰਤ ਕੁਮਾਰ ਆਰਡ ਐਂਡ ਕਰਾਫਟ ਟੀਚਰ ਸਰਕਾਰੀ ਹਾਈ ਕਿਸ਼ਨਗੜ੍ਹ ਫਰਮਾਹੀ ਜ਼ਿਲਾ ਮਾਨਸਾ ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।